# BUDHA DAL PUBLIC SCHOOL PATIALA

## First Term Examination (6 September 2024)

**Class - VII**

**Paper - Punjabi**

**Set - A**

**MM: 80**

**Time: 3 hrs.**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਇਹ ਇੱਕ ਖ਼ੂਬਸੂਰਤ ਸ਼ਹਿਰ ਹੈ। ਇਹ ਇੱਕ ਖੁੱਲ੍ਹਾ-ਡੁੱਲ੍ਹਾ ਸ਼ਹਿਰ ਹੈ। ਇਸ ਦੀਆਂ ਸੜਕਾਂ-ਚੌਕ ਖੁੱਲ੍ਹੇ-ਡੁੱਲ੍ਹੇ ਹਨ। ਇਸ ਦੀਆਂ ਸੜਕਾਂ ਦੇ ਕਿਨਾਰਿਆਂ 'ਤੇ ਰੁੱਖ ਲੱਗੇ ਹੋਏ ਹਨ, ਜੋ ਇਸ ਦੀ ਸ਼ਾਨ ਹਨ। ਚੰਡੀਗੜ੍ਹ ਮੁਹੱਲਿਆਂ ਜਾਂ ਗਲੀਆਂ ਵਿੱਚ ਨਹੀਂ ਵੰਡਿਆ ਹੋਇਆ। ਇਹ ਸੈਕਟਰਾਂ ਵਿੱਚ ਵੰਡਿਆਂ ਹੋਇਆ ਹੈ। ਇਸ ਦੇ ਹਰੇਕ ਸੈਕਟਰ ਦੀ ਆਪਣੀ ਮਾਰਕੀਟ, ਸਕੂਲ, ਹਸਪਤਾਲ ਹੈ। ਇਸ ਵਿੱਚ ਬਹੁਤ ਸਾਰੀਆਂ ਥਾਵਾਂ ਵੇਖਣ ਯੋਗ ਹਨ, ਜਿਵੇਂ : ਸੁਖਨਾ ਝੀਲ, ਰਾਕ-ਗਾਰਡਨ, ਰੋਜ਼-ਗਾਰਡਨ, ਲਈਅਰ ਵੈਲੀ ਆਦਿ। ਇਹ ਸਿੱਖਿਆ ਦਾ ਇੱਕ ਵੱਡਾ ਕੇਂਦਰ ਹੈ। ਇੱਥੇ ਦੀ ਪੰਜਾਬ ਯੂਨੀਵਰਸਿਟੀ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਪੀ.ਜੀ.ਆਈ. ਇੱਥੋਂ ਦਾ ਇੱਕ ਸਿਹਤ ਖੋਜ ਕੇਂਦਰ ਹੈ, ਜਿੱਥੇ ਹਰੇਕ ਬਿਮਾਰੀ ਦਾ ਇਲਾਜ ਸਸਤਾ ਤੇ ਵਧੀਆ ਕੀਤਾ ਜਾਂਦਾ ਹੈ। ਚੰਡੀਗੜ੍ਹ ਦੀ ਜਿੰਨੀ ਵੀ ਸਿਫ਼ਤ ਕਰ ਲਈਏ, ਘੱਟ ਹੈ।

ੳ) ਚੰਡੀਗੜ੍ਹ ਕਿਹੋ ਜਿਹਾ ਸ਼ਹਿਰ ਹੈ?
ਅ) ਚੰਡੀਗੜ੍ਹ ਕਿਸ ਵਿੱਚ ਵੰਡਿਆ ਹੋਇਆ ਹੈ?
ੲ) ਚੰਡੀਗੜ੍ਹ ਦੀ ਕਿਹੜੀ ਚੀਜ਼ ਦੁਨੀਆ ਭਰ ਵਿੱਚ ਪ੍ਰਸਿੱਧ ਹੈ?
ਸ) ਚੰਡੀਗੜ੍ਹ ਦੀਆਂ ਕਿਹੜੀਆਂ-ਕਿਹੜੀਆਂ ਥਾਵਾਂ ਵੇਖਣ ਯੋਗ ਹਨ?
ਹ) ਉਪਰੋਕਤ ਦਿੱਤੇ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਪਾਠ ਪੁਸਤਕਾਂ ਤੇ ਅਧਾਰਿਤ**

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** (4)



## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (2)
ਖਿਡੌਣਾ, ਦਾਸੀ, ਐਨਕ, ਮਿਠਾਈ

2) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)
ਅਤਿ, ਸਵੈ

3) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)
ਆਲੂ, ਕਾ

4) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (2)
ੳ) ਮਿੱਟੀ ਦੇ ਭਾਂਡੇ ਬਣਾਉਣ ਵਾਲਾ - ਅ) ਪੈਸੇ ਨਾ ਖਰਚਣ ਵਾਲਾ -

5) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (2)
ਅਕਲ, ਸਫ਼ਲਤਾ

6) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (2)
ਸ਼ੈਹਰ, ਸ਼ਕਤਿ, ਮੰਤ੍ਰੀ, ਕਉੜਾ

7) **ਹੇਠ ਲਿਖੇ ਅਖਾਣ ਪੂਰੇ ਕਰੋ:** (2)
ੳ) ਉਹ ਕਿਹੜੀ ਗਲੀ .................... ਅ) ................ ਤਾਂ ਕੀ ਕਰੇਗਾ ਕਾਜ਼ੀ।

8) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**
ੳ) ਅੱਖਾਂ ਵਿੱਚ ਰੜਕਣਾ ਅ) ਹੱਥ ਮਲਣੇ (4)
ੲ) ਇੱਟ ਨਾਲ ਇੱਟ ਖੜਕਾਉਣੀ ਸ) ਉਲਟੀ ਪੱਟੀ ਪੜਾਉਣੀ

9) **ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:** (4)
ਆਨਾ, ਸਿੱਟਾ

10) **ਹੇਠ ਲਿਖੇ ਵਾਕਾਂ ਵਿੱਚੋਂ ਕਾਲ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)
ੳ) ਗੀਤਾ ਕਵਿਤਾ ਲਿਖੇਗੀ। ਅ) ਪੰਛੀ ਉਡ ਰਹੇ ਸਨ।

11) **ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)
ੳ) ਬੱਚੇ ਕਿਤਾਬਾਂ ਪੜ੍ਹ ਰਹੇ ਹਨ।
ਅ) ਪਿਤਾ ਜੀ ਆਏ ਹਨ।

12) **ਹੇਠ ਲਿਖੇ ਵਾਕਾਂ ਵਿੱਚੋਂ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ:** (1)
ਹਾਏ ਮੇਰੇ ਪੈਰ ਵਿੱਚ ਕਿੱਲ ਚੁੱਭ ਗਿਆ

A-2

# ਪਾਠ - ਪੁਸਤਕ 'ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) 'ਵਕਤ ਦਾ ਇੱਕ ਵੀ ਪਲ' ਵਿੱਚ ਵਕਤ ਸ਼ਬਦ ਦਾ ਕੀ ਭਾਵ ਹੈ?

ਅ) ਰਾਜੇ ਨੂੰ ਲੁਹਾਰ ਕੋਲ ਕੀ ਕੰਮ ਮਿਲਿਆ?

ੲ) ਸਿੱਖ ਜਗਤ ਵਿੱਚ ਸੁਲਤਾਨਪੁਰ ਲੋਧੀ ਦਾ ਵਿਸ਼ੇਸ਼ ਨਾਮ ਤੇ ਮੁਕਾਮ ਕਿਉਂ ਹੈ?

ਸ) ਅਮਨ ਉਦਾਸ ਕਿਉਂ ਰਹਿੰਦਾ ਸੀ?

ਹ) 'ਹੁਣ ਕੀ ਕਰੀਏ' ਕਹਾਣੀ ਦੀ ਮੁੱਖ ਸਮੱਸਿਆ ਕੀ ਹੈ?

ਕ) ਕਵੀ ਹਰ ਰੋਜ਼ ਕੀ ਝੱਲਦਾ ਹੈ?

ਖ) ਰੱਖੜੀ ਦੇ ਤਿਉਹਾਰ 'ਤੇ ਰੂਬੀ ਨੇ ਅਮਨ ਦਾ ਕਿਸ ਨਾਲ ਮੂੰਹ ਮਿੱਠਾ ਕਰਵਾਇਆ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਔਖੀ ਮੁਸ਼ਕਲ ਘੜੀ ਤੋਂ ਵੀ ਭਾਵ ਹੈ? ਕਵਿਤਾ ਵਿੱਚ 'ਘੜੀ' ਸ਼ਬਦ ਤੋਂ ਕੀ ਭਾਵ ਹੈ?

ਅ) ਪੰਡਤ ਦੀ ਪਤਨੀ ਨੇ ਟਕੇ ਅਤੇ ਕੌਡੀਆਂ ਕਿਉਂ ਵਗਾਹ ਮਾਰੀਆ?

ੲ) ਗੁਰਦੁਆਰਾ ਬੇਰ ਸਾਹਿਬ ਬਾਰੇ ਕੁੱਝ ਵਾਕ ਲਿਖੋ।

ਸ) ਪਾਪਾਂ ਦੀ ਮਦਦ ਕੌਣ ਕਰਦਾ ਹੈ?

ਹ) ਕਵੀ ਨੇ ਨਾਚੀਜ਼ ਸ਼ਬਦ ਦੀ ਵਰਤੋਂ ਕੀ ਆਖਣ ਲਈ ਕੀਤੀ ਹੈ?

ਕ) ਅਮਨ ਰੂਬੀ ਦੇ ਆਉਣ 'ਤੇ ਖੁਸ਼ ਕਿਉਂ ਰਹਿਣ ਲੱਗਾ?

**3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਘੜੀ, ਸ਼ਾਹੀ, ਮਹੱਤਵਪੂਰਨ, ਪ੍ਰੇਰਨਾ, ਮਹਿਮਾਨ

**4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

ੳ) "ਵੇਖੋ ਸਾਰੇ ਦਾਨ ਲੈ ਕੇ ਆ ਰਹੇ ਨੇ, ਅਮੀਰ ਹੋਈ ਜਾ ਰਹੇ ਨੇ। ਤੁਸੀਂ ਕਿਉਂ ਨਹੀਂ ਜਾਂਦੇ ਤੇ ਦਾਨ ਲੈ ਕੇ ਆਉਂਦੇ?"

ਅ) "ਬੇਟਾ, ਇਸ ਨੂੰ ਕਿਹਾ ਕਰ ਸਭ ਨਾਲ ਘੁਲਿਆ-ਮਿਲਿਆ ਕਰੇ, ਬਿਲਕੁਲ ਚੁੱਪ-ਚਾਪ ਬੈਠਾ ਰਹਿੰਦਾ ਹੈ।"

**5) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** (3)

ਮੈਂ ਬੁਜ਼ਦਿਲ ਨਿੱਤ ਝਲਦਾ ਤਾਹਨੇ,
ਪਰ ਜਦ ਵੱਜਦੀ ਚੋਟ ਦਮਾਮੇ,
ਰਣ-ਭੂਮੀ ਵਿੱਚ ਅੱਗੇ ਵੱਧ-ਵੱਧ
ਤਿਲ-ਤਿਲ ਕੱਟ ਜਾਵਣਗੇ ਜੋ,
ਖਬਰੇ ਮੈਂ ਉਹਨਾਂ 'ਚੋ ਹੋਸਾਂ ....।

ੳ) ਇਹ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ? ਇਸ ਦੇ ਕਵੀ ਦਾ ਨਾਂ ਦੱਸੋ।

ਅ) ਤਿਲ-ਤਿਲ ਸ਼ਬਦ ਦਾ ਅਰਥ ਦੱਸੋ।

ੲ) ਰਣ-ਭੂਮੀ ਵਿੱਚ ਕੌਣ ਅੱਗੇ ਵੱਧਦੇ ਹਨ?

## ਲਿਖਣ-ਕੌਸ਼ਲ

**1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (10)

**ਸ਼ਹੀਦ ਭਗਤ ਸਿੰਘ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਮਾਤਾ-ਪਿਤਾ, ਵਿੱਦਿਆ ਪ੍ਰਾਪਤੀ, ਰਾਜਸੀ ਜੀਵਨ, ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ, ਅਸੈਂਬਲੀ ਹਾਲ ਵਿੱਚ ਬੰਬ ਸੁੱਟਣਾ, ਮੁਕੱਦਮਾ ਚੱਲਣਾ, ਫਾਂਸੀ ਦੀ ਸਜ਼ਾ।

**ਜਾਂ**

**ਸਮੇਂ ਦੀ ਕਦਰ**

ਨੁਕਤੇ -

ਭੂਮਿਕਾ, ਸਾਡੀਆਂ ਆਦਤਾਂ, ਸਮੇਂ ਸਿਰ ਕੰਮ ਨਾ ਕਰਨ ਦੇ ਨੁਕਸਾਨ, ਮਹਾਂਪੁਰਖਾਂ ਨੂੰ ਸਮੇਂ ਦੀ ਕਦਰ, ਸਮੇਂ ਦੀ ਕਦਰ ਕਰਨੀ ਸਿੱਖੋ, ਸਮੇਂ ਦੇ ਪਾਬੰਦ ਨਾ ਹੋਣ ਦੇ ਨੁਕਸਾਨ, ਸਾਰੰਸ਼।

**2) ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਇੱਕ ਪੱਤਰ ਲਿਖੋ।** (8)

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਭੈਣ ਦੇ ਵਿਆਹ 'ਤੇ ਛੁੱਟੀ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੀ ਸਹੇਲੀ/ ਮਿੱਤਰ ਨੂੰ ਗਰਮੀਆਂ ਦੀਆਂ ਛੁੱਟੀਆਂ ਇੱਕਠੇ ਬਤੀਤ ਕਰਨ ਦਾ ਪ੍ਰੋਗਰਾਮ ਲਿਖੋ।